ਖਪਤਕਾਰ ਗਾਈਡ

AMVIC Alberta Motor Vehicle Industry Council

# ਨਵੇਂ ਵਾਹਨ ਦੀ ਖਰੀਦ

AMVIC ਸਿਫ਼ਾਰਿਸ਼ ਕਰਦੀ ਹੈ ਕਿ ਤੁਸੀਂ AMVIC ਦੇ ਲਸੰਸਸ਼ੁਦਾ ਕਾਰੋਬਾਰਾਂ ਵੱਲੋਂ ਵੇਚੇ ਜਾਣ ਵਾਲੇ ਉਤਪਾਦ ਅਤੇ ਸੇਵਾਵਾਂ ਚੁਣੋ। ਲਸੰਸਸ਼ੁਦਾ ਕਾਰੋਬਾਰ ਅਲਬਰਟਾ ਦੇ *ਖਪਤਕਾਰ ਰੱਖਿਆ ਅਧਿਨਿਯਮ (Consumer Protection Act)* ਵਿੱਚ ਦਿੱਤੇ ਖਪਤਕਾਰ ਦੀ ਰੱਖਿਆ ਸੰਬੰਧੀ ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੁੰਦੇ ਹਨ।

## ਜਾਣ ਤੋਂ ਪਹਿਲਾਂ:

- AMVIC ਦੇ ਪੋਰਟਲ: https://amvic.ca.thentiacloud.net/webs/amvic/register/# **'ਤੇ ਜਾ ਕੇ ਦੇਖੋ ਕਿ ਕੀ ਕਾਰੋਬਾਰ ਲਸੰਸਸ਼ੁਦਾ ਹੈ**
- ਜੋ ਵਿਗਿਆਪਨ ਤੁਸੀਂ ਉੱਥੇ ਦੇਖੋ, ਇਹ ਯਕੀਨੀ ਬਣਾਉਣ ਲਈ ਉਸਦੀ ਫੋਟੋ ਲਓ ਜਾਂ ਕਾਪੀ ਬਣਾਓ ਕਿ ਵਿਕਰੇਤਾ ਵਿਗਿਆਪਨ ਵਿੱਚ ਦਿੱਤੇ ਮੁੱਲ ਦੀ ਪਾਲਣਾ ਕਰਦਾ ਹੈ,
  - ਜਿਸ ਵਿੱਚ ਉਹ ਸਾਰੀਆਂ ਫੀਸਾਂ ਅਤੇ ਕੀਮਤਾਂ ਸ਼ਾਮਲ ਹੋਣੀਆਂ ਲਾਜ਼ਮੀ ਹਨ, ਜੋ ਵਿਕਰੇਤਾ ਲੈਣ ਦਾ ਇਰਾਦਾ ਰੱਖਦਾ ਹੈ।
  - ਜਿਹੜੀ ਫੀਸ ਵਿਗਿਆਪਨ ਵਿੱਚ ਦਿੱਤੇ ਮੁੱਲ ਵਿੱਚ ਜੋੜੀ ਜਾ ਸਕਦੀ ਹੈ, ਉਹ GST ਦੇ ਨਾਲ-ਨਾਲ ਫਾਈਨੈਂਸਿੰਗ ਨਾਲ ਜੁੜੀਆਂ ਕੋਈ ਵੀ ਲਾਗਤਾਂ ਹੁੰਦੀਆਂ ਹਨ। ਇਸਨੂੰ **'ਵਿੱਤੀ ਲੈਣ-ਦੇਣ ਨਾਲ ਜੁੜਿਆ ਕੁੱਲ ਮੁੱਲ'** ਕਿਹਾ ਜਾਂਦਾ ਹੈ ਅਤੇ ਇਹ ਅਲਬਰਟਾ ਵਿੱਚ ਕਨੂੰਨ ਹੈ।
- ਆਪਣਾ ਬਜਟ ਤੈਅ ਕਰੋ। ਵਾਹਨ ਦੀ ਕੁੱਲ ਕੀਮਤ ਤੇ ਧਿਆਨ ਦਿਓ, ਨਾ ਕਿ ਮਾਸਿਕ ਭੁਗਤਾਨ ਵਾਲੇ ਕਿਫ਼ਾਇਤੀ ਮੁੱਲ ਤੇ।
- **ਵਾਹਨ ਖਰੀਦਣ ਵੇਲੇ** ਕਦੇ ਵੀ ਜਲਦੀ ਨਾ ਕਰੋ। ਇਸ ਲਈ ਪੂਰਾ ਸਮਾਂ ਲਗਾਓ ਅਤੇ ਪ੍ਰਕਿਰਿਆ ਵਿੱਚ ਕਿਸੇ ਭਰੋਸੇਮੰਦ ਦੋਸਤ ਜਾਂ ਰਿਸ਼ਤੇਦਾਰ ਨੂੰ ਸ਼ਾਮਲ ਕਰੋ।

## ਜਦੋਂ ਤੁਸੀਂ ਇਹ ਪੂਰਾ ਕਰ ਲਓ:

**ਜਮ੍ਹਾਂ ਰਕਮਾਂ (ਡਿਪਾਜ਼ਿਟ)**

- ਵਾਹਨ ਦੀ ਟੈਸਟ ਡ੍ਰਾਈਵ ਲਈ ਜਾਂ ਮੁੱਲ ਦਾ ਭਾਅ-ਤਾਅ ਕਰਨ ਲਈ ਤੁਹਾਨੂੰ ਕਦੇ ਵੀ ਕੋਈ ਪੇਸ਼ਗੀ ਰਕਮ ਨਹੀਂ ਦੇਣੀ ਚਾਹੀਦੀ। ਜੇਕਰ ਵਿਕਰੀ ਇਕਰਾਰਨਾਮਾ ਨਹੀਂ ਹੈ, ਤਾਂ ਪੇਸ਼ਗੀ ਰਕਮ ਦੇਣ ਦੀ ਕੋਈ ਲੋੜ ਨਹੀਂ ਹੋਣੀ ਚਾਹੀਦੀ।
- ਇਹ ਨਾ ਸੋਚੋ ਕਿ ਪੇਸ਼ਗੀ ਰਕਮ ਵਾਪਸ ਮੋੜਨ ਯੋਗ ਹੈ। ਇਹ ਯਕੀਨੀ ਬਣਾਉਣ ਲਈ ਕਿ ਪੇਸ਼ਗੀ ਰਕਮ ਵਾਪਸ ਮੋੜਨ ਯੋਗ ਹੈ ਜਾਂ ਨਹੀਂ ਅਤੇ ਨਿਯਮਾਂ ਅਤੇ ਸ਼ਰਤਾਂ ਹੇਠਾਂ ਕੀ ਆਉਂਦਾ ਹੈ, ਦਸਤਾਵੇਜ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਵਾਲ ਪੁੱਛੋ।
- ਪੇਸ਼ਗੀ ਰਕਮ ਦੀ ਰਸੀਦ ਲਓ।
- AMVIC ਦਾ ਸਿਫ਼ਾਰਿਸ਼ ਕੀਤਾ ਪੇਸ਼ਗੀ ਰਕਮ ਇਕਰਾਰਨਾਮਾ ਫਾਰਮ amvic.org 'ਤੇ ਉਪਲਬਧ ਹੈ, ਜਿਸਦੀ ਵਰਤੋਂ

**ਵਿਕਰੀ ਦਾ ਬਿਲ**

- ਦਸਤਾਵੇਜ਼ ਵਿਚਲਾ ਹਰੇਕ ਸ਼ਬਦ ਪੜ੍ਹੋ। ਜੇਕਰ ਇਸ ਉੱਤੇ ਦਸਤਖ਼ਤ ਕਰਨਾ ਲੋੜੀਂਦਾ ਹੈ, ਤਾਂ ਇਹ ਮਹੱਤਵਪੂਰਣ ਹੈ!
- ਸਾਰੇ ਇਕਰਾਰਾਂ ਦੇ ਨਾਲ-ਨਾਲ ਲਿਖਤ ਵਿੱਚ ਨਿਯਮਾਂ ਅਤੇ ਸ਼ਰਤਾਂ ਬਾਰੇ ਸਪਸ਼ਟੀਕਰਨਾਂ ਨੂੰ ਜਾਣਨ ਲਈ, ਜੋ ਤੁਹਾਨੂੰ ਸਪਸ਼ਟ ਨਾ ਹੋਣ, **ਵਿਕਰੀ ਦੇ ਬਿਲ ਦੇ ਪਿੱਛੇ ਦਿੱਤੀ ਜਾਂਚ-ਸੂਚੀ** ਵਰਤੋ।
- ਦਸਤਖ਼ਤ ਕਰਨ ਤੋਂ ਪਹਿਲਾਂ, ਇਹ ਯਕੀਨੀ ਬਣਾਉਣ ਲਈ ਕਿ ਸਾਰੀ ਜਾਣਕਾਰੀ ਸਹੀ ਅਤੇ ਪੂਰੀ ਹੈ, ਵਿਕਰੀ ਦੇ ਬਿਲ ਦੀ ਸਮੀਖਿਆ ਕਰੋ। ਫਾਈਨੈਂਸ ਇਕਰਾਰਨਾਮੇ ਦੇ ਸਾਰੇ ਵੇਰਵਿਆਂ ਦੀ ਤਸਦੀਕ ਕਰੋ ਅਤੇ ਯਕੀਨੀ ਬਣਾਓ ਕਿ ਸਾਰੀ ਦੱਸੀ ਗਈ ਆਮਦਨੀ ਅਤੇ ਨਕਦ ਭੁਗਤਾਨ (ਡਾਊਨ ਪੇਮੈਂਟ) ਦੀਆਂ ਰਕਮਾਂ ਸਹੀ ਹਨ।
- ਖਰੀਦ ਦੇ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਬਾਅਦ ਭਾਅ ਦਾ ਪਤਾ ਕਰਨਾ ਬੰਦ ਕਰ ਦਿਓ। ਜਦੋਂ ਤੁਸੀਂ ਵਾਹਨ ਖਰੀਦ ਲੈਂਦੇ ਹੋ, ਤਾਂ "ਦੁਬਾਰਾ ਵਿਚਾਰ ਕਰਨ" ਦੀ ਕੋਈ ਮਿਆਦ ਨਹੀਂ ਹੁੰਦੀ। ਭਾਵੇਂ ਤੁਹਾਨੂੰ ਬਿਹਤਰ ਡੀਲ ਮਿਲ ਜਾਵੇ ਜਾਂ ਤੁਹਾਡਾ ਵਿਚਾਰ ਬਦਲ ਜਾਵੇ, ਡੀਲਰ ਸਮਝੌਤੇ ਨੂੰ ਲਾਗੂ ਕਰ ਸਕਦਾ ਹੈ।

## ਖਰੀਦਣ ਤੋਂ ਬਾਅਦ:

- ਜਿਹਨਾਂ ਖਪਤਕਾਰਾਂ ਨੂੰ ਲੱਗਦਾ ਹੈ ਕਿ ਕਿਸੇ ਲਸੰਸਸ਼ੁਦਾ ਵਿਕਰੇਤਾ ਨੇ ਉਹਨਾਂ ਨਾਲ ਅਨੁਚਿਤ ਵਿਵਹਾਰ ਕੀਤਾ ਸੀ, ਉਹ AMVIC ਕੋਲ ਸ਼ਿਕਾਇਤ ਦਾਖ਼ਲ ਕਰ ਸਕਦੇ ਹਨ।
- AMVIC ਦੇ ਲਸੰਸਸ਼ੁਦਾ ਅਸਫਲ ਜਾਂ ਬੰਦ ਕਾਰੋਬਾਰਾਂ ਦੇ ਖਪਤਕਾਰਾਂ ਲਈ ਮੁਆਵਜ਼ਾ ਫੰਡ ਉਪਲਬਧ ਹੋ ਸਕਦਾ ਹੈ। ਹਾਲਾਂਕਿ, ਤਦ ਖਪਤਕਾਰ ਮੁਆਵਜ਼ਾ ਫੰਡ ਵਾਸਤੇ ਅਰਜ਼ੀ ਦੇਣ ਲਈ ਯੋਗ ਨਹੀਂ ਹੁੰਦੇ, ਜੇਕਰ ਉਹ ਕਿਸੇ ਨਿੱਜੀ ਵਿਕਰੇਤਾ ਜਾਂ ਕਰਬਰ ਤੋਂ ਖਰੀਦਦੇ ਹਨ।

**ਕਰਬਰਾਂ ਤੋਂ ਸਾਵਧਾਨ ਰਹੋ: ਅਜਿਹੇ ਵਿਕਰੇਤਾ, ਜੋ ਵਿਕਰੀ ਲਸੰਸ ਦੇ ਬਿਨਾਂ ਕਾਰੋਬਾਰ ਚਲਾਉਂਦੇ ਹਨ, ਉਹ ਆਮ ਤੌਰ ਤੇ ਚੋਰੀ ਕੀਤੇ, ਖਰਾਬ ਜਾਂ ਓਡੋਮੀਟਰ ਨਾਲ ਛੇੜਛਾੜ ਵਾਲੇ ਵਾਹਨ ਵੇਚਦੇ ਹਨ।**

amvic.org

# ਵਿਕਰੀ ਦੇ ਬਲਿ ਸੰਬੰਧੀ ਜਾਂਚ-ਸੂਚੀ*

AMVIC Alberta Motor Vehicle Industry Council

ਆਟੋਮੋਟਵਿ ਬਜਿਨੇਸ ਰੈਗੁਲੇਸ਼ਨ (Automotive Business Regulation, ABR) ਦੇ ਸੈਕਸ਼ਨਾਂ 31.2(1) ਅਤੇ (2) ਦੇ ਮੁਤਾਬਕ, ਹੇਠਾਂ ਦੱਤਿੀ ਜਾਣਕਾਰੀ ਵਾਹਨ ਦੇ ਵਕਿਰੀ ਬਲਿ ਵੱਿਚ ਸਪਸ਼ਟ ਅਤੇ ਪੜ੍ਹਨਯੋਗ ਢੰਗ ਨਾਲ ਸ਼ਾਮਲ ਕੀਤੀ ਹੋਣੀ ਲਾਜ਼ਮੀ ਹੈ:

| ✔ | (ਇਹ ਯਕੀਨੀ ਬਣਾਉਣ ਲਈ ਦੇਖੋ ਕ ਿਕੀ ਵਕਿਰੀ ਦੇ ਬਲਿ ਵੱਿਚ ਸਭ ਕੁਝ ਸ਼ਾਮਲ ਕੀਤਾ ਗਿਆ ਸੀ) |
|---|---|
| | ਖਪਤਕਾਰ ਦਾ ਨਾਮ ਅਤੇ ਪਤਾ। |
| | ਖਪਤਕਾਰ ਦੇ ਸਰਕਾਰ ਵੱਲੋਂ ਜਾਰੀ ਕੀਤੇ ਪਛਾਣ-ਪੱਤਰ ਤੇ ਦੱਤਿਾ ਹੋਇਆ ਨਾਮ (ਜਵਿੇਂ ਡ੍ਰਾਈਵਗਿ ਲਸੰਸ)। |
| | ਕਾਰੋਬਾਰ ਦਾ ਨਾਮ, ਪਤਾ ਅਤੇ AMVIC ਲਸੰਸ ਨੰਬਰ। |
| | ਵਕਿਰੇਤਾ ਦਾ ਨਾਮ ਅਤੇ AMVIC ਰਜਸਿਟਰੇਸ਼ਨ ਨੰਬਰ। |
| | ਵਾਹਨ ਦਾ ਮੇਕ, ਮਾੱਡਲ, ਸਾਲ, ਰੰਗ, ਬਾੱਡੀ ਪ੍ਰਕਾਰ ਅਤੇ VIN. |
| | ਵਕਿਰੀ ਦੇ ਬਲਿ ਦੀ ਤਾਰੀਖ਼। |
| | ਖਪਤਕਾਰ ਨੂੰ ਵਾਹਨ ਸਪੁਰਦਗੀ ਦੀ ਤਾਰੀਖ਼। |
| | ਸਾਰੀਆਂ ਫੀਸਾਂ ਅਤੇ ਕੀਮਤਾਂ ਵੱਿਚ ਸ਼ਾਮਲ ਹਨ: ਕੋਈ ਵੀ ਸਪੁਰਦਗੀ/ਭਾੜਾ/ਟ੍ਰਾਂਸਪੋਰਟੇਸ਼ਨ ਖਰਚੇ, ਕੋਈ ਵੀ ਜਾਂਚ ਫੀਸਾਂ, ਕੋਈ ਵੀ ਲਸੰਸ ਸੰਬੰਧੀ ਫੀਸਾਂ, ਵਾਰੰਟੀਆਂ ਲਈ ਕੀਮਤਾਂ ਅਤੇ ਸਾਰੇ ਟੈਕਸ ਅਤੇ ਲੇਵੀਜ, GST ਸਮੇਤ; ਅਤੇ ਹਰੇਕ ਫੀਸ ਅਤੇ ਕੀਮਤ ਦੇ ਭੁਗਤਾਨ ਕਰਨ ਦਾ ਸਮਾਂ। |
| | ਸਾਰੇ ਵਾਧੂ ਉਪਕਰਨ ਜਾਂ ਵਕਿਲਪਾਂ ਦੀ ਸੂਚੀ ਅਤੇ ਹਰੇਕ ਦੀ ਲਾਗਤ। |
| | ਸਾਰੀਆਂ ਫੀਸਾਂ, ਕੀਮਤਾਂ ਅਤੇ ਵਾਧੂ ਉਪਕਰਨ ਅਤੇ ਵਕਿਲਪਾਂ ਦੀਆਂ ਲਾਗਤਾਂ ਸਮੇਤ ਵਾਹਨ ਦੀ ਕੁੱਲ ਲਾਗਤ। |
| | ਜੇਕਰ ਨਕਦ ਭੁਗਤਾਨ (ਡਾਊਨ ਪੇਮੈਂਟ) ਜਾਂ ਪੇਸ਼ਗੀ ਰਕਮ ਦਾ ਭੁਗਤਾਨ ਕੀਤਾ ਗਿਆ ਹੈ: ਪੇਸ਼ਗੀ ਜਾਂ ਨਕਦ ਭੁਗਤਾਨ ਦੀ ਰਕਮ ਅਤੇ ਭੁਗਤਾਨ ਕੀਤੇ ਜਾਣ ਵਾਲੀ ਬਾਕੀ ਬਕਾਇਆ ਰਾਸ਼ੀ। |
| | **ਅੰਸ਼ਕ-ਅਦਾਇਗੀ:** ਅੰਸ਼ਕ-ਅਦਾਇਗੀ 'ਤੇ ਵੇਚੇ ਗਏ ਵਾਹਨ ਤੇ ਪਛਾਣ ਵਾਲੀ ਜਾਣਕਾਰੀ ਅਤੇ ਖਪਤਕਾਰ ਨੂੰ ਵੇਚੇ ਜਾ ਰਹੇ ਵਾਹਨ ਦੀ ਖਰੀਦ ਦੀ ਲਾਗਤ ਨਾਲ ਜੁੜੀ ਅੰਸ਼ਕ-ਅਦਾਇਗੀ ਛੋਟ। |
| | **ਬਕਾਇਆ ਕਰਜ਼ ਦੇ ਨਾਲ ਅੰਸ਼ਕ-ਅਦਾਇਗੀ:** ਖਰੀਦ ਦੀ ਲਾਗਤ ਨਾਲ ਜੁੜਆਿ ਬਾਕੀ ਕਰਜ਼ ਬਕਾਇਆ। |
| | **ਕ੍ਰੈਡਟਿ ਇਕਰਾਰਨਾਮਾ:** ਕ੍ਰੈਡਟਿ ਇਕਰਾਰਨਾਮੇ ਨਾਲ ਸੰਬੰਧਤਿ ਖੁਲਾਸੇ ਦੀ ਸਟੇਟਮੈਂਟ, ਵਕਿਰੀ ਦੇ ਬਲਿ ਤੇ ਦੱਤਿੀ ਜਾਣੀ ਜਾਂ ਇਸਦੇ ਨਾਲ ਲਗਾਈ ਜਾਣੀ ਲਾਜ਼ਮੀ ਹੈ। |
| | ਕੋਈ ਵੀ ਅਤੇ ਸਾਰੇ ਇਕਰਾਰ, ਪੇਸ਼ਕਸ਼ਾਂ ਜਾਂ ਉਤਸ਼ਾਹ ਦੇਣ ਵਾਲੀਆਂ ਚੀਜ਼ਾਂ ਦੀ ਵੱਖ-ਵੱਖ ਸੂਚੀ, ਖਪਤਕਾਰ ਨੂੰ ਬਨਿਾਂ ਕਸਿੇ ਵਾਧੂ ਕੀਮਤ ਦੇ ਦੱਤਿੀ ਜਾਣੀ ਚਾਹੀਦੀ ਹੈ। |
| | ਵਰਤਮਾਨ ਓਡੋਮੀਟਰ ਰੀਡਗਿ, ਜੇਕਰ ਵਾਹਨ ਉਪਲਬਧ ਹੈ ਅਤੇ ਖਪਤਕਾਰ ਨੂੰ ਵਾਹਨ ਦੀ ਸੁਪਰਦਗੀ ਵੇਲੇ ਅਧਕਿਤਮ ਓਡੋਮੀਟਰ ਰੀਡਗਿ। |
| | ਦੂਜੇ ਸੂਬੇ ਜਾਂ ਦੇਸ਼ ਦੇ ਕਨੂੰਨਾਂ ਹੇਠ ਲੋੜੀਂਦੇ ਦਸਤਾਵੇਜ਼ਾਂ ਸਮੇਤ, ਵਾਹਨ ਦੀ ਪਛਿਲੀ ਵਰਤੋਂ, ਇਤਹਿਾਸ ਜਾਂ ਸਥਤਿੀ ਨਾਲ ਸੰਬੰਧਤਿ ਕਸਿੇ ਵੀ ਰਪਿੋਰਟਾਂ, ਦਸਤਾਵੇਜ਼ਾਂ ਅਤੇ ਖੁਲਾਸਾ ਸਟੇਟਮੈਂਟਾਂ ਦੀਆਂ ਕਾਪੀਆਂ ਨੱਥੀ ਕਰੋ। |
| | ਇੱਕ ਲਖਿਤ ਐਲਾਨ ਕ ਿABR ਸੈਕਸ਼ਨ 31.1 ਤੋਂ ਪ੍ਰਾਪਤ ਵਾਹਨ ਦੇ ਇਤਹਿਾਸ ਸੰਬੰਧੀ ਸਾਰੀ ਜਾਣਕਾਰੀ ਖਪਤਕਾਰ ਨੂੰ ਦੱਤਿੀ ਗਈ ਸੀ। |
| | ਸਾਰੀਆਂ ਪਾਬੰਦੀਆਂ, ਸੀਮਾਵਾਂ ਅਤੇ ਸਥਤਿੀਆਂ, ਖਰੀਦਣ ਦੇ ਇਕਰਾਰਨਾਮੇ ਵੱਿਚ ਜਹਿਨਾਂ ਨੂੰ ਲਾਗੂ ਕਰਨ ਦਾ ਕਾਰੋਬਾਰ ਨੂੰ ਅਧਕਿਾਰ ਹੈ, ਸਪਸ਼ਟ ਅਤੇ ਵਆਿਪਕ ਢੰਗ ਨਾਲ ਲਖਿੀਆਂ ਹੋਈਆਂ ਹਨ। |

*ਇਹ ਗਾਈਡ ਕਨੂੰਨੀ ਸਲਾਹ ਦੀ ਥਾਂ ਨਹੀਂ ਲੈਂਦੀ ਹੈ ਅਤੇ ਯੋਗ ਸੁਤੰਤਰ ਕਨੂੰਨੀ ਕਾਉਂਸਲਿ ਵੱਲੋਂ ਸਲਾਹ ਦੀ ਥਾਂ ਲੈਣ ਵਜੋਂ ਤਆਿਰ ਨਹੀਂ ਕੀਤੀ ਗਈ ਹੈ। ਇਸ ਗਾਈਡ ਦਾ ਉਦੇਸ਼, ਲਾਗੂ ਹੋਣ ਵਾਲੇ ਵਧਿਾਨ ਦੀ ਵਆਿਪਕ ਸੂਚੀ ਬਣਨਾ ਨਹੀਂ ਹੈ।